## TODAY'S HUKAMNAMA FROM SRI DARBAR SAHIB
## Sri Amritsar.

### [June 22, 2013, Saturday 04:30 AM. IST]

ਬਿਲਾਵਲੁ ਮਹਲਾ ੩ ॥

ਪੂਰੇ ਗੁਰ ਤੇ ਵਡਿਆਈ ਪਾਈ ॥ ਅਚਿੰਤ ਨਾਮੁ ਵਸਿਆ ਮਨਿ ਆਈ ॥ ਹਉਮੈ ਮਾਇਆ ਸਬਦਿ ਜਲਾਈ ॥ ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥ ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥ ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥ ਮਨ ਕੀ ਪਰਤੀਤਿ ਮਨ ਤੇ ਪਾਈ ॥ ਪੂਰੇ ਗੁਰ ਤੇ ਸਬਦਿ ਬੁਝਾਈ ॥ ਜੀਵਣ ਮਰਣੁ ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥ ਘਰ ਹੀ ਮਹਿ ਸਭਿ ਕੋਟ ਨਿਧਾਨ ॥ ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥ ਸਦ ਹੀ ਲਾਗਾ ਸਹਜਿ ਧਿਆਨ ॥ ਅਨਦਿਨੁ ਗਾਵੈ ਏਕੋ ਨਾਮ ॥੩॥ ਇਸੁ ਜੁਗ ਮਹਿ ਵਡਿਆਈ ਪਾਈ ॥ ਪੂਰੇ ਗੁਰ ਤੇ ਨਾਮੁ ਧਿਆਈ ॥ ਜਹ ਦੇਖਾ ਤਹ ਰਹਿਆ ਸਮਾਈ ॥ ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥ ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥ ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥

ਸਤਿਗੁਰਾਂ ਪਾਸੋਂ ਨਾਮ ਦੀ ਦਾਤ ਪ੍ਰਾਪਤ ਹੋਣੀ ਮਨੁਖੀ ਜਵਿਨ ਦੀ ਸਭ ਤੋਂ ਸ੍ਰੇਸ਼ਟ ਤੇ ਅਸਲ ਪ੍ਰਾਪਤੀ ਹੈ ।ਗੁਰੁ ਦੇ ਸ਼ਬਦ ਦੁਆਰਾ ਮਨ ਦੀਆਂ ਮਾਇਕ ਪ੍ਰਵਿਰਤੀਆਂ ਹਉਮੈ ਆਦਿਕ ਖ਼ਤਮ ਹੋ ਜਾਂਦੀਆਂ ਹਨ ਤੇ ਸਹਿਜੇ ਹੀ ਪਰਮ ਸੁੱਖ ਦਾ ਨਿਵਾਸ ਮਨ ਵਿਚ ਹੋ ਜਾਂਦਾ ਹੈ ।ਫ਼ਿਰ ਮਨ ਆਪਣੇ ਜੋਤ ਸਰੂਪ ਵਾਹਿਗੁਰੂ ਦਾ ਅਨੁਭਵ ਕਰਕੇ ਆਪਣੀ ਅਸਲੀਅਤ ਪਹਿਚਾਣ ਲੈਂਦਾ ਹੈ ।ਫ਼ਿਰ ਜਨਮ-ਮਰਣ ਦੀ ਸੰਸਾਰਕ ਅਵੱਸਥਾ ਤੋਂ ਉਪਰ ਸਦੀਵੀ ਜੀਵਨ ਦਾ ਅਨੁਭਵ ਹੋ ਜਾਂਦਾ ਹੈ ।ਹਮੇਸ਼ਾ ਮਨ ਨਾਮ ਰੰਗ ਵਿਚ ਰੰਗਿਆ ਅੰਤਰਧਿਆਨ ਹੋ ਜਾਂਦਾ ਹੈ ।ਇਹ ਨਾਮ ਦੀ ਵਡਿਆਏ ਮਨੁੱਖੀ ਜੀਵਨ ਦਾ ਅਸਲ ਉਦੇਸ਼ ਹੈ ।